**ਪੰਜਾਬ ਸਰਕਾਰ**
**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ**
**(ਮਕਾਨ ਉਸਾਰੀ-2 ਸ਼ਾਖਾ)**

**ਨੋਟੀਫਿਕੇਸ਼ਨ**

ਮਿਤੀ:

ਨੰ: 18/05/2018-5ਮਉ2 ਮੰਤਰੀ ਪ੍ਰੀਸ਼ਦ ਦੀ ਮਿਤੀ 30-4-2016 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਮੈਗਾ/ਨਾਨ ਮੈਗਾ/ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ/ਨਾਨ ਮੈਗਾ ਮਲਟੀਪਲੈਕਸ, ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟ ਅਤੇ ਮੈਗਾ ਰੈਜ਼ੀਡਿਊਲ ਪ੍ਰੋਜੈਕਟਾਂ ਲਈ ਪੁੱਡਾ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਉਦਯੋਗ ਤੇ ਕਮਰਸ ਵਿਭਾਗ ਵਲੋਂ ਜਾਰੀ ਉਦਯੋਗਿਕ ਬੜ੍ਹਾਵੇ ਲਈ ਵਿੱਤੀ ਰਿਆਇਤਾਂ-2013 (FIIP-2013) ਦੇ ਪੈਰ੍ਹਾ 5.2.1 ਅਤੇ ਉਦਯੋਗਿਕ ਬੜ੍ਹਾਵੇ ਲਈ ਵਿੱਤੀ ਰਿਆਇਤਾਂ (ਰੀਵਾਈਜਡ)-2013 (FIIP(R)-2013) ਦੇ ਪੈਰ੍ਹਾ 1.5 ਅਨੁਸਾਰ ਉਕਤ ਪ੍ਰੋਜੈਕਟਾਂ ਨੂੰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਥਾਨਕ ਸਰਕਾਰ ਵਿਭਾਗ ਦੇ ਬਾਈਲਾਜ਼, ਰੂਲਜ਼, ਰੈਗੂਲੇਸ਼ਨਜ਼ ਅਤੇ ਪਾਲਿਸੀਆਂ ਅਨੁਸਾਰ ਡੀਲ ਕੀਤਾ ਜਾਣਾ ਹੈ । ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਦੇ ਸਨਮੁੱਖ ਉਦਯੋਗ ਤੇ ਕਮਰਸ ਵਿਭਾਗ ਵਲੋਂ ਉਕਤ ਪ੍ਰੋਜੈਕਟਾਂ ਦੀਆਂ ਮਿਸਲਾਂ ਪੁੱਡਾ ਨੂੰ ਭੇਜੀਆਂ ਜਾ ਚੁੱਕੀਆ ਹਨ ਪਰੰਤੂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ/ਪੁੱਡਾ ਵਿੱਚ ਇਨ੍ਹਾਂ ਪ੍ਰੋਜੈਕਟਾਂ ਦੀ ਪ੍ਰੋਸੈਸਿੰਗ ਸਬੰਧੀ ਕੋਈ ਪਾਲਿਸੀ ਹੋਂਦ ਵਿੱਚ ਨਾ ਹੋਣ ਕਰਕੇ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਪ੍ਰਸੰਨਤਾ-ਪੂਰਵਕ ਹੇਠ ਲਿਖੀਆਂ ਪਾਲਿਸੀ ਦੀ ਪ੍ਰਵਾਨਗੀ ਦਿੰਦੇ ਹਨ:-

| ਮੈਗਾ/ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ ਮਲਟੀਪਲੈਕਸ/ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟ | |
|---|---|
| **ਲੜੀ ਨੰ:** | **ਪਾਲਿਸੀ** |
| 1. | (i) ਮੈਗਾ/ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ ਮਲਟੀਪਲੈਕਸ/ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟਾਂ ਦਾ ਇਮਪਲੀਮੈਂਟੇਸ਼ਨ ਸਮਾਂ ਮੈਗਾ ਹਾਊਸਿੰਗ ਪ੍ਰੋਜੈਕਟਾਂ ਦੀ ਤਰਜ ਤੇ 3 ਸਾਲ ਦੇ ਸਮੇਂ ਦੀ ਬਜਾਇ 5 ਸਾਲ ਕਰ ਦਿੱਤਾ ਜਾਵੇ।<br>(ii) ਜਿਨ੍ਹਾਂ ਪ੍ਰੋਜੈਕਟਾਂ ਦਾ ਇਮਪਲੀਮੈਂਟੇਸ਼ਨ ਸਮਾਂ (3 ਸਾਲ ਦੀ ਬਜਾਏ 5 ਸਾਲ ਦਿੰਦੇ ਹੋਏ) ਮਿਤੀ 30-06-2015 ਤੱਕ ਪੂਰਾ ਹੋ ਚੁੱਕਾ ਹੈ, ਉਨ੍ਹਾਂ ਪ੍ਰੋਜੈਕਟਾਂ ਨੂੰ ਕੰਪਲੀਟ ਕਰਨ ਲਈ ਯਕਮੁਸ਼ਤ ਮਿਤੀ 30-06-2015 ਤੱਕ ਦਾ ਸਮਾਂ ਬਿਨਾਂ ਕਿਸੇ ਪੈਨਲਟੀ ਤੋਂ ਦੇ ਦਿੱਤਾ ਜਾਵੇ।<br>**ਨੋਟ: ਜਿਨ੍ਹਾਂ ਕੇਸਾਂ ਵਿੱਚ ਇਮਪਾਵਰਡ ਕਮੇਟੀ ਵੱਲੋਂ ਪਹਿਲਾਂ ਹੀ ਸਮਾਂ ਵਾਧਾ ਕੈਂਸਰ ਰਲੀਫ ਫੰਡ ਜਮ੍ਹਾਂ ਕਰਵਾਉਣ ਦੀ ਸ਼ਰਤ ਤੇ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਕੇਸਾਂ ਵਿੱਚ ਕੈਂਸਰ ਰਲੀਫ ਫੰਡ ਜਮਾਂ ਕਰਵਾਉਣ ਦੀ ਸ਼ਰਤ ਲਾਗੂ ਰਹੇਗੀ।** |
| 2. | ਲੜੀ ਨੰ: 1 ਅਨੁਸਾਰ ਦਿੱਤਾ ਸਮਾਂ ਖਤਮ ਹੋਣ ਉਪਰੰਤ ਇਮਪਲੀਮੈਂਟੇਸ਼ਨ ਸਮੇਂ ਵਿੱਚ ਵਾਧੇ ਦੀ ਪ੍ਰਵਾਨਗੀ 10,000/- ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੀ ਦਰ ਨਾਲ ਫੀਸ ਲਗਾ ਕੇ ਦਿੱਤੀ ਜਾਵੇ, ਜੋ ਕਿ ਵੱਧ ਤੋਂ ਵੱਧ 5 ਸਾਲ ਤੱਕ ਦਿੱਤੀ ਜਾਵੇ। |
| 3. | ਲੜੀ ਨੰ: 2 ਅਨੁਸਾਰ ਲਗਾਈ ਗਈ ਫੀਸ ਤੋਂ ਇਲਾਵਾ ਕੈਂਸਰ ਰਲੀਫ ਫੰਡ ਵੱਜੋਂ ਪ੍ਰੋਜੈਕਟ ਕਾਸਟ ਦਾ 0.125%, ਜੋ ਕਿ ਵੱਧ ਤੋਂ ਵੱਧ 12.5 ਲੱਖ ਰੁਪਏ ਹੋਵੇ, ਪ੍ਰਤੀ ਸਾਲ ਦੀ ਦਰ ਨਾਲ ਸਮੇਂ ਵਿੱਚ ਵਾਧੇ ਦੀ ਪ੍ਰਵਾਨਗੀ ਲਈ ਵਸੂਲ ਕੀਤਾ ਜਾਵੇ। |

| | |
|---|---|
| 4. | ਪਹਿਲਾਂ ਪ੍ਰਵਾਨਤ ਮੈਗਾ/ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ ਮਲਟੀਪਲੈਕਸ ਪ੍ਰੋਜੈਕਟ ਅਤੇ ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟਾਂ ਉੱਤੇ, ਉਨ੍ਹਾਂ ਨਾਲ ਐਗਜੀਕਿਊਟ ਕੀਤੇ ਐਗਰੀਮੈਂਟ ਅਨੁਸਾਰ ਦਿੱਤੀਆਂ ਗਈਆਂ/ਜਾਣ ਵਾਲੀਆਂ ਰਿਆਇਤਾਂ ਅਤੇ ਹੋਰ ਸ਼ਰਤਾਂ ਲਾਗੂ ਰਹਿਣਗੀਆਂ। ਇਸ ਤੋਂ ਇਲਾਵਾ ਉਦਯੋਗ ਅਤੇ ਕਮਰਸ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਨੋਟੀਫਿਕੇਸ਼ਨਾਂ/ ਸੋਧਾਂ ਅਤੇ ਸਕਰੀਨਿੰਗ ਕਮੇਟੀ/ ਇਮਪਾਵਾਰਡ ਕਮੇਟੀ ਦੇ ਸਮੇਂ ਸਮੇਂ ਤੇ ਲਏ ਗਏ ਫੈਸਲੇ ਲਾਗੂ ਰਹਿਣਗੇ। |
| 5. | ਪਹਿਲਾਂ ਪ੍ਰਵਾਨਤ ਮੈਗਾ/ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ ਮਲਟੀਪਲੈਕਸ/ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟਾਂ ਦੇ ਇਮਪਲੀਮੈਂਟੇਸ਼ਨ ਸਮੇਂ ਵਿੱਚ ਵਾਧਾ ਕਰਨ, ਪ੍ਰੋਜੈਕਟ ਦੇ ਰਕਬੇ ਵਿੱਚ ਵਾਧਾ ਕਰਨ, ਇਲੀਜੀਬਿਲਟੀ ਸਰਟੀਫਿਕੇਟ ਵਿੱਚ ਸੋਧ ਕਰਨ ਜਾਂ ਹੋਰ ਕੋਈ ਮੁੱਦਾ ਜੋ ਕਿ ਪਹਿਲਾਂ ਸਕਰੀਨਿੰਗ ਕਮੇਟੀ/ ਇਮਪਾਵਰਡ ਕਮੇਟੀ ਵੱਲੋਂ ਨਜਿੱਠਿਆ ਜਾਂਦਾ ਸੀ, ਦੀ ਪ੍ਰਵਾਨਗੀ ਮੰਤਰੀ ਇੰਚਾਰਜ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਤੋਂ ਲਈ ਜਾਵੇ।<br>ਜੇਕਰ ਪ੍ਰਮੋਟਰ ਵੱਲੋਂ ਪ੍ਰੋਜੈਕਟ ਦੇ ਪ੍ਰਵਾਨਤ ਰਕਬੇ ਤੋਂ ਵੱਧ ਰਕਬਾ ਵਿਕਸਤ ਕੀਤਾ ਜਾ ਰਿਹਾ ਹੈ ਤਾਂ ਪ੍ਰਮੋਟਰ ਨੂੰ ਸਪਲੀਮੈਂਟਰੀ ਐਗਰੀਮੈਂਟ ਐਗਜੀਕਿਊਟ ਕਰਨਾ ਪਵੇਗਾ, ਜੋ ਕਿ ਸਰਕਾਰ ਦੀ ਤਰਫੋਂ ਮੁੱਖ ਪ੍ਰਸ਼ਾਸਕ, ਪੁੱਡਾ ਵੱਲੋਂ ਹਸਤਾਖਰ ਕੀਤਾ ਜਾਵੇਗਾ। |
| 6. | ਪਹਿਲਾਂ ਪ੍ਰਵਾਨਤ ਮੈਗਾ/ ਸੁਪਰ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ, ਮੈਗਾ ਮਲਟੀਪਲੈਕਸ ਪ੍ਰੋਜੈਕਟ ਅਤੇ ਮੈਗਾ ਮਲਟੀਪਲੈਕਸ-ਕਮ-ਹੋਟਲ ਪ੍ਰੋਜੈਕਟਾਂ ਨੂੰ ਇਲੀਜੀਬਿਲਟੀ ਸਰਟੀਫਿਕੇਟ ਜਾਰੀ ਕਰਨ ਲਈ ਪ੍ਰਬੰਧਕੀ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਤੋਂ ਪ੍ਰਵਾਨਗੀ ਲਈ ਜਾਵੇ। |
| 7. | ਮੈਗਾ ਹਾਊਸਿੰਗ ਪ੍ਰੋਜੈਕਟਾਂ ਦੇ ਇਮਪਲੀਮੈਂਟੇਸ਼ਨ ਸਮੇਂ ਵਿੱਚ ਵਾਧੇ ਦੀ ਪ੍ਰਵਾਨਗੀ ਸਮੇਂ ਸਬੰਧਤ ਅਥਾਰਟੀ ਤੋਂ ਨੋ ਡਿਊ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਦਿੱਤੀ ਹੋਈ ਛੋਟ ਉਕਤ ਪ੍ਰੋਜੈਕਟਾਂ ਤੇ ਵੀ ਲਾਗੂ ਹੋਵੇਗੀ। |

| ਨਾਨ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ ਅਤੇ ਨਾਨ ਮੈਗਾ ਮਲਟੀਪਲੈਕਸ ਪ੍ਰੋਜੈਕਟ | |
|---|---|
| ਲੜੀ ਨੰ: | ਪਾਲਿਸੀ |
| 1. | ਨਾਨ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ ਅਤੇ ਨਾਨ ਮੈਗਾ ਮਲਟੀਪਲੈਕਸ ਪ੍ਰੋਜੈਕਟਾਂ ਨੂੰ ਇਮਪਲੀਮੈਂਟ ਕਰਨ ਲਈ ਯਕਮੁਸ਼ਤ ਮਿਤੀ 30-06-2018 ਤੱਕ ਸਮਾਂ ਬਿਨਾਂ ਕਿਸੇ ਪੈਨਲਟੀ ਤੋਂ ਦੇ ਦਿੱਤਾ ਜਾਵੇ। |
| 2. | ਲੜੀ ਨੰ: 1 ਅਨੁਸਾਰ ਦਿੱਤਾ ਸਮਾਂ ਖਤਮ ਹੋਣ ਉਪਰੰਤ ਇਮਪਲੀਮੈਂਟੇਸ਼ਨ ਸਮੇਂ ਵਿੱਚ ਵਾਧੇ ਦੀ ਪ੍ਰਵਾਨਗੀ 10,000/- ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੀ ਦਰ ਨਾਲ ਫੀਸ ਲਗਾ ਕੇ ਦਿੱਤੀ ਜਾਵੇ, ਜੋ ਕਿ ਵੱਧ ਤੋਂ ਵੱਧ 5 ਸਾਲ ਤੱਕ ਦਿੱਤੀ ਜਾਵੇ। |
| 3. | ਨਾਨ ਮੈਗਾ ਇੰਡਸਟਰੀਅਲ ਪਾਰਕ ਪ੍ਰੋਜੈਕਟ ਅਤੇ ਨਾਨ ਮੈਗਾ ਮਲਟੀਪਲੈਕਸ ਪ੍ਰੋਜੈਕਟਾਂ ਨੂੰ ਲੜੀ ਨੰ: 2 ਅਨੁਸਾਰ ਲਗਾਈ ਗਈ ਫੀਸ ਤੋਂ ਇਲਾਵਾ ਮਿਤੀ 30-6-2018 ਤੋਂ ਬਾਦ ਪ੍ਰੋਜੈਕਟ ਲਾਗਤ ਦਾ 0.125% ਜੋ ਕਿ ਵੱਧ ਤੋਂ ਵੱਧ 12.5 ਲੱਖ ਰੁਪਏ ਪ੍ਰਤੀ ਸਾਲ ਬਣਦਾ ਹੈ, ਕੈਂਸਰ ਰਲੀਫ ਫੰਡ ਵਜੋਂ ਵਸੂਲਿਆ ਜਾਵੇ। |